**ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ**

ਛੇਵੀਂ ਮੰਜਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ. ਫੇਜ਼-8,
ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ), ਫੋਨ ਨੰਬਰ:-0172-2212221


ਮੀਮੋ ਨੰਬਰ :SCERT-SDP01/78/2025-SDP-SCERT/928285/793

ਮਿਤੀ : ਐਸ.ਏ.ਐਸ.ਨਗਰ, 14-08-2025

## ਜਨਤਕ ਸੂਚਨਾ

1.0 ਸਿੱਖਿਆ ਵਿਭਾਗ ਪੰਜਾਬ ਸਰਕਾਰ ਵੱਲੋਂ ਸਾਲ 2025-26 ਦੌਰਾਨ 50-50 ਸਕੂਲ ਹੈਡਮਾਸਟਰਾਂ ਦੇ ਬੈਚਾ ਨੂੰ IIM ਅਹਿਮਦਾਬਾਦ ਵਿਖੇ ਟ੍ਰੇਨਿੰਗ ਕਰਵਾਉਣ ਦਾ ਵਿਚਾਰ ਹੈ। ਜਿਸ ਦੀ ਚੋਣ ਪ੍ਰਕਿਰਿਆ ਸ਼ੁਰੂ ਕੀਤੀ ਜਾ ਰਹੀ ਹੈ।

2.0 IIM ਅਹਿਮਦਾਬਾਦ ਵਿਖੇ 50-50 ਸਕੂਲ ਹੈਡਮਾਸਟਰਾਂ ਦੇ ਬੈਚਾ ਦੀ ਟ੍ਰੇਨਿੰਗ ਕ੍ਰਮਵਾਰ ਮਿਤੀ 03 ਤੋਂ 07 ਨਵੰਬਰ, 2025 ਤੱਕ (5 ਦਿਨ) ਅਤੇ ਮਿਤੀ 15 ਤੋਂ 19 ਦਸੰਬਰ, 2025 ਤੱਕ (5 ਦਿਨ) ਕਰਵਾਈ ਜਾਵੇਗੀ।

3.0 ਉਕਤ ਟ੍ਰੇਨਿੰਗ ਦੀਆਂ ਮੁੱਢਲੀਆਂ (Preliminary Screening) ਸ਼ਰਤਾਂ ਹੇਠ ਲਿਖੇ ਅਨੁਸਾਰ ਹਨ-:

| ਲੜੀ ਨੰ. | ਮਾਪਦੰਡ | ਬਿਨੈਕਾਰ ਦੇ ਮਾਪਦੰਡ |
|---|---|---|
| 1 | ਉਮਰ | 53 ਸਾਲ ਜਾਂ ਘੱਟ (ਮਿਤੀ 30/06/2025 ਤੱਕ) |
| 2 | ਇਨਕੁਆਰੀ/ ਪੜਤਾਲ ਪੈਂਡਿੰਗ | ਪ੍ਰਾਰਥੀ/ ਅਧਿਕਾਰੀ ਦੇ ਖਿਲਾਫ ਅਪਲਾਈ ਕਰਨ ਸਮੇਂ ਅਤੇ ਟ੍ਰੇਨਿੰਗ ਤੇ ਜਾਣ ਸਮੇਂ ਕਿਸੇ ਵੀ ਕਿਸਮ ਦੀ ਚਾਰਜ ਸ਼ੀਟ/ਦੋਸ਼ ਸੂਚੀ/ਅਪਰਾਧਿਕ ਕੇਸ ਆਦਿ ਜਾਰੀ ਨਾ ਹੋਇਆ ਹੋਵੇ, ਕੋਈ ਪੜਤਾਲ ਪੈਂਡਿੰਗ ਨਾ ਹੋਵੇ ਅਤੇ ਕਰਮਚਾਰੀ ਕਿਸੇ ਪ੍ਰਕਾਰ ਦੀ ਸਜਾ ਅਧੀਨ ਨਾ ਹੋਵੇ। |
| 3 | ਪ੍ਰਾਰਥੀ/ ਅਧਿਕਾਰੀ ਸਕੂਲ ਸਿੱਖਿਆ ਵਿਭਾਗ, ਪੰਜਾਬ ਦਾ ਰੈਗੂਲਰ ਕਰਮਚਾਰੀ ਹੋਵੇ ਅਤੇ ਉਸ ਨੇ ਆਪਣਾ ਪਰਖ ਸਮਾਂ ਪਾਰ ਕੀਤਾ ਹੋਵੇ ਅਤੇ ਉਸ ਦੀ ਨਿਯੁਕਤੀ/ ਸੇਵਾਵਾਂ confirmed ਹੋਣ। | |

4.0 ਯੋਗ ਉਮੀਦਵਾਰ ਆਪਣੀ E-Punjab ਆਈ.ਡੀ ਰਾਹੀਂ ਟ੍ਰੇਨਿੰਗ ਲਿੰਕ ਤੇ ਮਿਤੀ 18-08-2025 ਤੋਂ 25-08-2025 ਸ਼ਾਮ ਪੰਜ ਵਜੇ ਤੱਕ ਅਪਲਾਈ ਕਰ ਸਕਦੇ ਹਨ। ਜਿਸ ਦੀ ਵੈਰੀਫਿਕੇਸ਼ਨ ਸੰਬੰਧਤ ਜਿਲ੍ਹੇ ਦੇ ਜਿਲ੍ਹਾ ਸਿੱਖਿਆ ਅਫਸਰ (ਸੈਸਿੱ) ਵੱਲੋਂ ਮਿਤੀ 26-08-2025 ਤੋਂ 28-08-2025 ਤੱਕ ਕੀਤੀ ਜਾਵੇਗੀ। ਜਿਹੜੇ ਉਮੀਦਵਾਰ ਮੁੱਢਲੀਆਂ ਸ਼ਰਤਾਂ ਪੂਰੀਆਂ ਕਰਦੇ ਹੋਣਗੇ, ਉਹਨਾਂ ਨੂੰ ਅਗਲੇ (Secondary Criteria) ਰਾਊਂਡਜ਼ ਲਈ

ਵਿਚਾਰਿਆ ਜਾਵੇਗਾ। ਜਿਸ ਵਿੱਚ ਅਧਿਆਪਕਾਂ ਦੀਆਂ ACRs, ਵਿੱਦਿਅਕ ਯੋਗਤਾਵਾਂ, ਤਜਰਬਾ, ਐਵਾਰਡ, Quality Education ਲਈ ਦਿੱਤੇ ਗਏ ਯੋਗਦਾਨ ਦੇ ਆਧਾਰ ਤੇ ਤਿਆਰ ਕੀਤੀ ਮੈਰਿਟ ਅਨੁਸਾਰ ਟ੍ਰੇਨਿੰਗ ਲਈ ਭੇਜਿਆ ਜਾਵੇਗਾ।

5.0 ਉਕਤ ਦਰਸਾਏ ਦੇ ਆਧਾਰ ਤੇ 100 ਉਮੀਦਵਾਰਾਂ ਦੀ ਮੈਰਿਟ ਸੂਚੀ ਤਿਆਰ ਕੀਤੀ ਜਾਵੇਗੀ। ਚੁਣੇ ਗਏ ਉਮੀਦਵਾਰਾਂ ਵਿੱਚੋਂ ਮੈਰਿਟ ਸੂਚੀ ਦੇ ਪਹਿਲੇ 50 ਉਮੀਦਵਾਰਾਂ ਨੂੰ ਮਿਤੀ 03 ਤੋਂ 07 ਨਵੰਬਰ, 2025 ਤੱਕ (5 ਦਿਨ) ਅਤੇ ਅਗਲੇ 50 ਉਮੀਦਵਾਰਾਂ ਨੂੰ ਮਿਤੀ 15 ਤੋਂ 19 ਦਸੰਬਰ, 2025 ਤੱਕ (5 ਦਿਨ) ਟ੍ਰੇਨਿੰਗ ਲਈ ਭੇਜਿਆ ਜਾਵੇਗਾ।

6.0 ਅਪਲਾਈ ਕਰਨ ਲਈ ਲਿੰਕ E-Punjab ਪੋਰਟਲ ਤੇ ਮਿਤੀ 18-08-2025 ਤੋਂ 25-08-2025 ਸ਼ਾਮ ਪੰਜ ਵਜੇ ਤੱਕ ਖੁੱਲ੍ਹਾ ਰਹੇਗਾ।

ਸਹਾਇਕ ਡਾਇਰੈਕਟਰ
ਐਸ.ਸੀ.ਈ.ਆਰ.ਟੀ. ਪੰਜਾਬ।